# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਸਕੂਲ ਮੁੱਖੀ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

**ਮੀਮੋ ਨੰ:DySPD (PEDB)/2021/** 246511

**ਮਿਤੀ: 20.07.2021**

ਵਿਸ਼ਾ: ਨਾਨ ਟੀਚਿੰਗ ਸਟਾਫ ਦੀਆਂ ਬਦਲੀਆਂ ਸਬੰਧੀ।

**ਹਵਾਲਾ: ਆਪ ਜੀ ਦੇ ਦਫਤਰ ਦਾ ਪੱਤਰ ਨੰ DySPD (PEDB)/2021/** 140946, **ਮਿਤੀ: 28.04.2021**

**1.0** ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵਲੋਂ ਨੋਟੀਫਿਕੇਸ਼ਨ ਨੰ: 2/14/2020-2edu3/2020487/1, ਮਿਤੀ 27.05.2020 ਰਾਹੀਂ ਨਾਨ ਟੀਚਿੰਗ ਸਟਾਫ ਦੀਆਂ ਬਦਲੀਆਂ ਸਬੰਧੀ ਨੋਟੀਫਿਕੇਸਨ ਜਾਰੀ ਕੀਤਾ ਗਿਆ ਸੀ ਅਤੇ ਵਿਭਾਗ ਦੇ ਮੀਮੋ ਨੰ: DySPD (PEDB)/2021/125074 ਮਿਤੀ 09.04.2021 ਰਾਹੀਂ ਨਾਨ ਟੀਚਿੰਗ ਸਟਾਫ ਦੀਆਂ ਬਦਲੀਆਂ ਆਨਲਾਈਨ ਬੇਨਤੀਆਂ ਮੰਗੀਆਂ ਗਈਆਂ ਸਨ।

**2.0** ਪਾਲਿਸੀ ਅਨੁਸਾਰ ਵੱਖ ਵੱਖ ਕਾਡਰ ਦੇ ਵੱਖ ਵੱਖ ਕਰਮਚਾਰੀਆਂ ਨੂੰ ਪਾਲਿਸੀ ਦੀ ਮੱਦ 6(C)(1) Well Performing Non Teaching Staff ਤਹਿਤ 40 ਅੰਕ ਦਿੱਤੇ ਜਾਣੇ ਹਨ। ਇਹ 40 ਅੰਕ ਕਰਮਚਾਰੀ ਵਲੋਂ ਸਾਲ 2020-21 ਦੌਰਾਨ ਕੀਤੇ ਕੰਮਾਂ ਲਈ ਦਿੱਤੇ ਜਾਣੇ ਹਨ। ਕਰਮਚਾਰੀ ਨੂੰ ਜਿੰਨਾਂ ਕੰਮਾਂ ਲਈ ਅੰਕ ਦਿੱਤੇ ਜਾਣੇ ਹਨ ਉਹਨਾਂ ਦਾ Criteria ਪਾਲਿਸੀ ਨਾਲ ਨੱਥੀ Annexure Y ਵਿੱਚ ਦਿੱਤਾ ਗਿਆ ਹੈ।

**3.0** ਆਪ ਨੂੰ ਹਵਾਲਾ ਅਧੀਨ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ ਈ ਪੰਜਾਬ ਪੋਰਟਲ ਤੇ Log in ਕਰਕੇ ਕਰਮਚਾਰੀ ਵਲੋਂ ਕੀਤੇ ਜਾਂਦੇ ਕੰਮ Select ਕਰ ਲਏ ਜਾਣ ਅਤੇ ਉਹਨਾਂ ਕੰਮਾਂ ਲਈ ਉਸ ਨੂੰ ਕੀਤੇ ਗਏ ਕੰਮ/ਰਿਕਾਰਡ ਅਨੁਸਾਰ ਅੰਕ ਮਿਤੀ 29.04.2021 ਤੱਕ ਦਿੱਤੇ ਜਾਣ। ਇਸ ਦੇ ਨਾਲ ਹੀ ਕਰਮਚਾਰੀ ਵਲੋਂ ਬਦਲੀ ਲਈ ਭਰੇ ਗਏ ਡਾਟਾ ਨੂੰ ਵੀ ਵੈਰੀਫਾਈ ਕੀਤਾ ਜਾਵੇ।

**4.0** ਇਹ ਵੇਖਣ ਵਿੱਚ ਆਇਆ ਹੈ ਕਿ ਕਈ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਕਰਮਚਾਰੀ ਜਿਨ੍ਹਾਂ ਨੇ ਬਦਲੀ ਲਈ ਆਪਣਾ ਡਾਟਾ ਭਰਿਆ ਹੈ ਨੂੰ ਅੰਕ ਨਹੀਂ ਦਿੱਤੇ ਅਤੇ ਨਾ ਹੀ ਡਾਟਾ ਵੈਰੀਫਾਈ ਕੀਤਾ ਗਿਆ ਹੈ।ਜਿਨ੍ਹਾਂ ਕਰਮਚਾਰੀਆਂ ਦਾ ਡਾਟਾ ਵੈਰੀਫਾਈ ਨਹੀਂ ਹੋਇਆ ਉਨ੍ਹਾਂ ਦੀ ਲਿਸਟ ਨਾਲ ਨੱਥੀ ਕਰਦੇ ਹੋਏ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਜਿਨ੍ਹਾਂ ਨੇ ਬਦਲੀ ਲਈ ਅਪਲਾਈ ਕੀਤਾ ਹੈ ਦਾ ਡਾਟਾ ਮਿਤੀ 24.07.2021 ਤੱਕ ਵੈਰੀਫਾਈ ਕੀਤਾ ਜਾਵੇ ਅਤੇ ਕੰਮ/ਰਿਕਾਰਡ ਅਨੁਸਾਰ ਅੰਕ ਦਿੱਤੇ ਜਾਣ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**

Scanned with CamScanner